# ਪ੍ਰੈਸ ਨੋਟ

ਸ੍ਰੀ.ਰਾਜਬਚਨ ਸਿੰਘ ਸੰਧੂ PPS /ਐਸ.ਐਸ.ਪੀ. ਲੁਧਿਆਣਾ (ਦਿਹਾਤੀ) ਜੀ ਦੇ ਹੁਕਮਾ ਨਾਲ ਮਾੜੇ ਅਨਸਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਨ ਵਾਲੇ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਹਿੱਤ ਚਲਾਈ ਮੁਹਿੰਮ ਨੂੰ ਉਦੋਂ ਸਫਲਤਾ ਮਿਲੀ, ਜਦੋਂ ਸ.ਬਲਵਿੰਦਰ ਸਿੰਘ PPS ਐਸ.ਪੀ.(ਡੀ) ਜਗਰਾਂਉ ਅਤੇ ਸ੍ਰੀ ਅਨਿਲ ਕੁਮਾਰ ਭਨੋਟ PPS ਡੀ.ਐਸ.ਪੀ. (ਡੀ) ਜੀ ਦੀਆਂ ਹਦਾਇਤਾਂ ਅਨੁਸਾਰ ਜੇਰ ਨਿਗਰਾਨੀ ਇੰਸਪੈਕਟਰ ਪ੍ਰੇਮ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਜਗਰਾਉਂ ਜਿਲਾ ਲੁਧਿਆਣਾ (ਦਿਹਾਤੀ) ਦੇ ਮਿਤੀ 19.11.2021 ਨੂੰ ਏ.ਐਸ.ਆਈ ਰਣਧੀਰ ਸਿੰਘ ਸਮੇਤ ਪੁਲੀਸ ਪਾਰਟੀ ਦੇ ਬਾ-ਸਿਲਸਿਲਾ ਗਸਤ ਬਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਮਲਕ ਚੌਂਕ ਜਗਰਾਂਉ ਮੌਜੂਦ ਸੀ ਤਾਂ ਏ.ਐਸ.ਆਈ ਰਣਧੀਰ ਸਿੰਘ ਪਾਸ ਮੁਖਬਰ ਖਾਸ ਨੇ ਆ ਕੇ ਅਲਹਿਦਗੀ ਵਿੱਚ ਇਤਲਾਹ ਦਿੱਤੀ ਕਿ ਦਲਜੀਤ ਸਿੰਘ ਉਰਫ ਵਿਜੈ ਉਰਫ ਵਿਜੈ ਕੁਮਾਰ ਪੁੱਤਰ ਜਗਸੀਰ ਸਿੰਘ ਵਾਸੀ ਸਿੱਧਵਾਂ ਕਲਾਂ ਅਫੀਮ ਦੀ ਸਮੱਗਲਿੰਗ ਕਰਦਾ ਹੈ। ਜੋ ਦਲਜੀਤ ਸਿੰਘ ਉਰਫ ਵਿਜੈ ਉਕਤ ਅੱਜ ਵੀ ਮੋਟਰਸਾਈਕਲ ਮਾਰਕਾ ਪਲਟੀਨਾ ਨੰਬਰ PB.29.L.0778 ਪਰ ਸਵਾਰ ਹੋ ਕੇ ਆਪਣੇ ਪਿੰਡ ਤੋਂ ਵਾਇਆ ਅਲੀਗੜ ਹੁੰਦਾ ਹੋਇਆ ਜਗਰਾਂਉ ਸ਼ਹਿਰ ਦੇ ਏਰੀਏ ਵਿੱਚ ਅਫੀਮ ਦੀ ਸਪਲਾਈ ਦੇਣ ਲਈ ਜਾਣਾ ਹੈ, ਜੇਕਰ ਅਲੀਗੜ ਪੁਲ ਹੇਠਾਂ ਨਾਕਾਬੰਦੀ ਕੀਤੀ ਜਾਵੇ ਤਾਂ ਇਹ ਦਲਜੀਤ ਸਿੰਘ ਉਰਫ ਵਿਜੈ ਉਕਤ ਭਾਰੀ ਮਾਤਰਾ ਵਿੱਚ ਅਫੀਮ ਸਮੇਤ ਮੋਟਰਸਾਈਕਲ ਉਕਤ ਦੇ ਰੰਗੀ ਹੱਥੀ ਕਾਬੂ ਆ ਸਕਦਾ ਹੈ। ਜਿਸਤੇ ਏ.ਐਸ.ਆਈ. ਰਣਧੀਰ ਸਿੰਘ ਨੇ ਮੁਕੱਦਮਾ ਨੰਬਰ 248 ਮਿਤੀ 19.11.2021 ਜੁਰਮ 18,25/61/85 NDPS ਐਕਟ ਥਾਣਾ ਸਿਟੀ ਜਗਰਾਂਉ ਦਰਜ ਕਰਵਾਇਆ ਅਤੇ ਦੌਰਾਨੇ ਤਫਤੀਸ਼ ਐਸ.ਆਈ ਜਨਕ ਰਾਜ ਨੇ ਸਮੇਤ ਪੁਲਿਸ ਪਾਰਟੀ ਦੇ ਅਲੀਗੜ ਪੁਲ ਹੇਠਾਂ ਦੌਰਾਨੇ ਨਾਕਾਬੰਦੀ ਦਲਜੀਤ ਸਿੰਘ ਉਰਫ ਵਿਜੈ ਉਕਤ ਨੂੰ ਸਮੇਤ ਮੋਟਰਸਾਈਕਲ ਦੇ ਕਾਬੂ ਕਰਕੇ ਉਸ ਪਾਸੋਂ 500 ਗ੍ਰਾਮ ਅਫੀਮ ਬਰਾਮਦ ਕੀਤੀ ਹੈ। ਦੋਸ਼ੀ ਦਲਜੀਤ ਸਿੰਘ ਉਰਫ ਵਿਜੈ ਉਕਤ ਨੂੰ ਕੋਰਟ ਵਿੱਚ ਪੇਸ਼ ਕਰਕੇ ਰਿਮਾਂਡ ਲੈਣ ਉਪਰੰਤ ਹੋਰ ਪੁੱਛਗਿੱਛ ਤੇ ਤਫਤੀਸ ਕੀਤੀ ਜਾਵੇਗੀ, ਜਿਸ ਪਾਸੋ ਹੋਰ ਬ੍ਰਾਮਦਗੀ ਹੋਣ ਦੀ ਆਸ ਹੈ।

ਮੁਕੱਦਮਾ ਨੰਬਰ 248 ਮਿਤੀ 19.11.2021 ਜੁਰਮ 18,25/61/85 NDPS ਐਕਟ ਥਾਣਾ ਸਿਟੀ ਜਗਰਾਂਓ

ਦੋਸ਼ੀ:- ਦਲਜੀਤ ਸਿੰਘ ਉਰਫ ਵਿਜੈ ਉਰਫ ਵਿਜੈ ਕੁਮਾਰ ਪੁੱਤਰ ਜਗਸੀਰ ਸਿੰਘ ਵਾਸੀ ਸਿੱਧਵਾਂ ਕਲਾਂ

ਬਰਾਮਦਗੀ:- 500 ਗ੍ਰਾਮ ਅਫੀਮ ਸਮੇਤ ਮੋਟਰਸਾਈਕਲ ਪਲਟੀਨਾ ਨੰਬਰ PB.29.L.0778